੧ ੳ

# ਵੱਖਰੀ ਦੁਨੀਆਂ

G.601

ਗੁਰਮੁਖ ਸਿੰਘ 'ਮੁਸਾਫ਼ਿਰ'

ਪ੍ਰਕਾਸ਼ਕ :-

ਸਿਖ ਪਬਲਿਸ਼ਿੰਗ ਹਾਊਸ

੧੩, ਮੈਕਲੇਗਨ ਰੋਡ, ਲਾਹੌਰ

ਅਗਸਤ ੧੯੪੫.

ਸਭ ਹੱਕ ਰਾਖਵੇਂ ਹਨ ।

31221

ਵਖਰੀ ਦੁਨੀਆਂ ਦੇ ਸਾਥੀ-ਯਾਤਰੂਆਂ ਦੇ ਨਾਮ

ਸ੍ਰੀ ਕਲਗੀਧਰ ਪ੍ਰੈਸ, ੧੩, ਮੈਕਲੋਗਨ ਰੋਡ ਲਾਹੌਰ ਵਿਚ ਗਿ: ਗੁਰਦਿਤ ਸਿੰਘ ਜੀ ਮੈਨੇਜਰ ਤੇ ਪਰਿੰਟਰ ਦੇ ਯਤਨ ਨਾਲ ਛਪਵਾ ਕੇ ਸ: ਮੁਬਾਰਕ ਸਿੰਘ ਜੀ ਐਮ. ਏ. ਆਨਰੇਰੀ ਸਕੱਤਰ ਸਿਖ ਪਬਲਿਸ਼ਿੰਗ ਹਾਊਸ, ਲਾਹੌਰ ਨੇ ੧੩ ਮੈਕਲੋਗਨ ਰੋਡ, ਲਾਹੌਰ ਤੋਂ ਪ੍ਰਕਾਸ਼ਤ ਕੀਤੀ ।

# ਦੋ ਗੱਲਾਂ

ਪ੍ਰਸਿੱਧ ਭਾਰਤੀ ਨੇਤਾ ਸ੍ਰੀ ਮਤੀ ਸ੍ਵਰੂਪਨੀ ਨੈਹ੍ਰੂ ਜੀ ਦਾ ਕਥਨ ਹੈ ਕਿ ਜੇਹਲ ਦੀ ਦੁਨੀਆਂ ਇਕ ਵਖਰੀ ਦੁਨੀਆ ਹੈ ; ਇਹਦੇ ਵਿਚ ਵਸਦੇ ਲੋਕਾਂ ਦਾ ਜੀਵਨ ਇਕ ਨਵੇਂ ਵਾਯੂ-ਮੰਡਲ ਅਨੁਸਾਰ ਢਲਦਾ ਹੈ । ਨੈਹ੍ਰੂ ਜੀ ਦੀ ਇਸ ਕਥਨੀ ਵਾਲੀ 'ਨਵੀਂ ਦੁਨੀਆਂ', ਪੁਸਤਕ ਕਰਤਾ ਨੇ ਕਈ ਵਾਰੀ ਵੇਖੀ ਹੈ ਅਤੇ ਸਚ ਮੰਨੋ ਤਾਂ ਉਨ੍ਹਾਂ ਦੀ ਇਹਦੇ ਨਾਲ ਇਕ ਸਾਂਝ ਹੈ ; ਇਸ ਦੁਨੀਆਂ ਵਿਚ ਰਹਿ ਕੇ ਉਨ੍ਹਾਂ ਨੇ ਇਹਦੇ ਵਿਚ ਵਸਦੇ ਲੋਕਾਂ ਨੂੰ ਬਹੁਤ ਨੇੜਿਓਂ ਹੋ ਕੇ ਵੇਖਿਆ ਹੈ ; ਆਪ ਵੀ ਉਨ੍ਹਾਂ ਨੇ ਕਈ ਵੇਰਾਂ ਇਹਦਾ ਨਵਾਂ ਪਹਿਰਾਵਾ ਧਾਰਨ ਕਰਕੇ ਇਹਦੇ ਵਿਚ ਵਸਦੀ ਇਕਾਂਤ ਤੇ ਹਦਬੰਦੀ ਨੂੰ ਮਾਣਿਆ ਹੈ । ਇਸ ਵਖਰੀ ਦੁਨੀਆਂ ਦਾ ਇਕ ਜੀਵ ਹੋ ਕੇ ਉਨ੍ਹਾਂ ਨੇ ਇਹਦੇ ਸੰਬੰਧੀ ਲਿਖੀਆਂ ਕਹਾਣੀਆਂ ਦੇ ਸੰਗ੍ਰਹਿ ਨੂੰ 'ਵਖਰੀ ਦੁਨੀਆ' ਦਾ ਨਾਂ ਦਿਤਾ ਹੈ ।

'ਵਖਰੀ ਦੁਨੀਆਂ' ਦੀਆਂ ਕਹਾਣੀਆਂ ਮਨੋ-ਕਲਪਤ ਨਹੀਂ ਸਗੋਂ ਇਕ ਅਸਲੀਅਤ ਹਨ ਜੋ ਤਜਰਬੇ ਦੇ ਆਸਰੇ ਲੇਖਕ ਦੇ ਮਨ ਦੀਆਂ ਡੂੰਘਾਣਾਂ ਚੋਂ ਇਕ ਚਿਤ੍ਰ ਹੋ ਨਿਕਲੀਆਂ ਹਨ । ਇਸੇ ਲਈ ਮਨੋ-ਵਿਗਿਆਨ ਇਨ੍ਹਾਂ ਵਿਚ ਭਰਪੂਰ ਹੈ । ਕਹਾਣੀਆਂ ਦੇ ਪਾਤ੍ਰ ਬਹੁਤੇ ਲਹਿੰਦੇ ਪਾਸੇ ਦੇ ਹਨ, ਇਸੇ ਲਈ ਬੋਲੀ ਵਿਚ ਲਹਿੰਦੀ ਅਥਵਾ ਪੁਠੋਹਾਰੀ ਦੀ ਅੰਸ਼ ਵਧੇਰੇ ਲਭਦੀ ਹੈ । ਵਾਰਤਕ ਸਰਲ ਤੇ ਸੁੰਦਰ ਹੈ । ਜੇਹਲ ਦੀ ਦੁਨੀਆਂ ਦੇ ਆਪਣੇ ਖਾਸ ਬੋਲੇ ਹਨ, ਜਿਨ੍ਹਾਂ ਨੂੰ ਕਿਸੇ ਹਦ ਤਕ ਨੋਟਾਂ ਰਾਹੀਂ ਬਿਆਨਿਆ ਗਿਆ ਹੈ । 'ਸਭ ਹਛਾ' 'ਗੁਟਾਰ', 'ਡਾਕੂ' 'ਚੁਸਤ ਮਹਿਕਮਾ' ਆਦਿ ਕਹਾਣੀਆਂ ਬਹੁਤ ਚੰਗੀਆਂ ਹਨ ਅਤੇ ਜੇਹਲ ਦੀ ਦੁਨੀਆਂ ਦਾ ਸਹੀ ਚਿਤ੍ਰ ਪੇਸ਼ ਕਰਦੀਆਂ ਹਨ । 'ਚੁਸਤ ਮਹਿਕਮਾ' ਤਾਂ ਜੇਹਲ ਦੇ ਪ੍ਰਬੰਧ ਤੇ ਇਕ ਗੁਝੀ ਤੇ ਤਿਖੀ ਕਾਟ ਹੈ ।

ਮੁਬਾਰਕ ਸਿੰਘ

# ਤਤਕਰਾ


| ਨੰ: | ਕਹਾਣੀ | | ਸਫ਼ਾ |
|---|---|---|---|
| ੧. | ਸਭ ਹੱਛਾ | ... | ੧ |
| ੨. | ੨੪ ਸੇਰ | ... | ੧੨ |
| ੩. | ਗੁਟਾਰ | ... | ੩੬ |
| ੪. | ਫਤਿਆ ਫਤ ਫਤ | ... | ੪੮ |
| ੫. | ਬੇਗੁਨਾਹ | ... | ੬੬ |
| ੬. | ਭਗੌੜਾ | ... | ੭੮ |
| ੭. | ਡਾਕੂ | ... | ੯੭ |
| ੮. | ਅੱਲਾ ਰਹਿਮ ਕਰੇਗਾ | ... | ੧੧੬ |
| ੯. | ਚੋਰਾਂ ਦੇ ਚੋਰ | ... | ੧੩੨ |
| ੧੦. | ਮੁਲਾਕਾਤ | ... | ੧੪੯ |
| ੧੧. | ਚੁਸਤ ਮਹਿਕਮਾ | ... | ੧੬੫ |


# ਸਭ ਹੱਛਾ

ਵਿਦਵਾਨਾਂ ਦਾ ਕਥਨ ਹੈ ਕਿ ਸਮੇਂ ਨਾਲ ਮਹਾਨ ਸ਼ਬਦਾਂ ਦੇ ਅਰਥ ਵੀ ਬਦਲਦੇ ਰਹਿੰਦੇ ਹਨ। ਜਿਉਂ ਜਿਉਂ ਵਿਦਯਾ ਵਧਦੀ ਹੈ, ਸਾਇੰਸ ਨਵੀਆਂ ਕਾਢਾਂ ਕਢਦੀ ਹੈ, ਨਵੀਆਂ ਕਾਢਾਂ ਦੇ ਮੁਤਾਬਕ ਨਵੇਂ ਸ਼ਬਦ ਘੜਨੇ ਪੈਂਦੇ ਹਨ ਜਾਂ ਪੁਰਾਣਿਆਂ ਸ਼ਬਦਾਂ ਦੇ ਅਰਥ ਚੌੜੇ ਕਰਕੇ ਉਨ੍ਹਾਂ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ । ਜਿਸ ਤਰ੍ਹਾਂ ਸਚਾਈ ਦੀ ਕੋਈ ਹਦ ਨਹੀਂ, ਇਸੇ ਤਰ੍ਹਾਂ ਸ਼ਬਦਾਂ ਦੇ ਅਰਥਾਂ ਦੀ ਵੀ ਕੋਈ ਹਦ ਨਹੀਂ। ਮਤਲਬ ਇਹ ਕਿ ਸਮੇਂ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਪਰ ਇਹ ਇਕ ਡੂੰਘੀ ਵਿਚਾਰ ਦੀ ਗਲ ਹੈ। ਅਸਥਾਨ-ਭਦ ਨਾਲ, ਸ਼ਬਦਾਂ ਦਾ ਅਰਥ-ਭੇਦ ਕਿਸੇ ਵੇਖਣਾ ਸਮਝਣਾ ਹੋਵੇ ਤਾਂ ਇਕ ਵੇਰ ਜੇਹਲ-ਯਾਤ੍ਰਾ ਜ਼ਰੂਰ ਕਰੇ । ਜੇਹਲ ਵਿਚ ਕੈਦੀ ਜਦ ਕੋਈ ਬਾਹਰ ਦੀ ਗਲ ਕਰਦੇ ਹਨ ਤਾਂ ਆਖਦੇ ਹਨ, 'ਦੁਨੀਆਂ ਵਿਚ ਅਸੀਂ ਇਸ ਤਰ੍ਹਾਂ ਰਹਿੰਦੇ ਸਾਂ। ਇਹ ਕੰਮ ਕਰਦੇ ਸਾਂ'। ਭਾਵ ਜੇਹਲ ਨੂੰ ਉਹ ਦੁਨੀਆਂ ਨਹੀਂ ਸਮਝਦੇ। ਇਸੇ ਲਈ ਪੁਰਾਣੇ ਕੈਦੀਆਂ ਨੂੰ ਤਾਂ ਇਹ ਪਤਾ ਲਗ ਜਾਂਦਾ ਹੈ ਕਿ ਜਿਸ ਕਿਸੇ ਸ਼ਬਦ ਦੇ ਬਾਹਰ ਕੋਈ ਅਰਥ ਹਨ, ਜ਼ਰੂਰੀ ਨਹੀਂ ਕਿ ਇਥੇ ਵੀ ਉਹੀ ਅਰਥ ਹੋਣ। ਪਰ ਨਵੇਂ ਕੈਦੀਆਂ ਨੂੰ ਅਸਥਾਨ-ਭੇਦ ਨਾਲ ਅਰਥ-ਭੇਦ ਦਾ ਪਤਾ ਜ਼ਰਾ ਦੇਰ ਨਾਲ ਲਗਦਾ ਹੈ।

ਜਲਾਲ ਨੂੰ ਕੈਦ ਹੋ ਕੇ ਆਇਆਂ ਅਜੇ ਮਸਾਂ ਪੰਜ ਛੇ ਦਿਨ ਹੀ ਹੋਏ ਹਨ। ਉਮਰ ਤੇ ਇਸ ਦੀ ਵੀਹਾਂ ਸਾਲਾਂ ਤੋਂ ਕੁਝ ਮਹੀਨੇ ਹੀ ਵਧ ਹੋਵੇਗੀ, ਸਰੀਰ ਵੀ ਤਕੜਾ ਸੀ, ਪਰ ਬੀਮਾਰੀ ਨਾਲ ਕਿਸੇ ਦੀ ਪੇਸ਼ ਨਹੀਂ ਜਾਂਦੀ। ਨਵੰਬਰ ਦਾ ਮਹੀਨਾ ਮੀਂਹ ਪਿਆ ਨਹੀਂ, ਸੁੱਕੀ ਠੰਢ ਬੇ-ਖੁਰਾਕੇ ਕੈਦੀਆਂ ਦੀਆਂ ਹੱਡੀਆਂ ਕੜਕਾਈ ਜਾਂਦੀ ਹੈ। ਜਲਾਲ ਨੂੰ ਪਹਿਲੇ ਦੋ ਦਿਨ ਰੋਟੀ ਰੁਚੀ ਨਾ, ਜ਼ੁਕਾਮ ਨਾਲ ਮਾੜਾ ਜਿਹਾ ਤਪ ਵੀ ਹੋ ਗਿਆ। ਇਤਨੀ ਕੁ ਬੀਮਾਰੀ ਦੀ ਜਲਾਲ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.